ਜਾਣਕਾਰੀ ਲਈ ਸੂਚਨਾ ਪੱਤਰ
Information Bulletin

Vancouver CoastalHealth    BRITISH COLUMBIA

ਜਲਦੀ ਜਾਰੀ ਕਰਨ ਲਈ। ਅਪ੍ਰੈਲ 22, 2021

# ਕੇਸਿੰਗਟਨ ਇਲਾਕੇ ਦੇ 40 ਸਾਲ ਜਾਂ ਇਸ ਤੋਂ ਵੱਡੀ ਉਮਰ ਦੇ ਨਿਵਾਸੀ ਕੋਵਿਡ–19 ਵੈਕਸੀਨ ਲੈਣ ਦੇ ਯੋਗ ਹਨ

## Kensington neighbourhood residents 40 years of age and older eligible for a COVID-19 vaccination

**ਵੈਨਕੂਵਰ –** ਪ੍ਰਾਥਮਿਕਤਾ ਵਾਲੇ ਇਲਾਕਿਆਂ ਲਈ ਬੀ.ਸੀ. ਦੇ ਕੋਵਿਡ-19 ਦੀ ਇਮਿਊਨਾਈਜ਼ੇਸ਼ਨ ਦੇ ਪਲੈਨ ਦੇ ਹਿੱਸੇ ਵਜੋਂ ਵੈਨਕੂਵਰ ਕੋਸਟਲ ਹੈਲਥ ਵੱਲੋਂ ਵੈਨਕੂਵਰ ਦੇ ਨਾਲ ਲੱਗਦੇ ਇਲਾਕੇ ਕੇਸਿੰਗਟਨ ਵਿਚ ਰਹਿਣ ਵਾਲੇ 40 ਸਾਲ ਅਤੇ ਇਸ ਤੋਂ ਵੱਡੀ ਉਮਰ ਦੇ ਲੋਕਾਂ ਦੀ ਖ਼ਾਸਕਰ ਵੈਕਸੀਨੇਸ਼ਨ ਕੀਤੀ ਜਾਏਗੀ। ਤਾਜ਼ਾ ਅੰਕੜਿਆਂ ਅਨੁਸਾਰ ਕੇਸਿੰਗਟਨ ਦੇ ਇਲਾਕੇ ਦੀ ਪ੍ਰਾਥਮਿਕਤਾ ਵਾਲੇ ਭਾਈਚਾਰੇ ਵਜੋਂ ਪਹਿਚਾਣ ਹੋਈ ਹੈ ਅਤੇ ਇਸ ਪ੍ਰੋਗਰਾਮ ਰਾਹੀਂ ਇਸ ਭਾਈਚਾਰੇ ਵਿਚ ਰਹਿੰਦੇ 40 ਸਾਲ ਅਤੇ ਇਸ ਤੋਂ ਵੱਡੀ ਉਮਰ ਦੇ ਲੋਕਾਂ ਨੂੰ ਗੰਭੀਰ ਬਿਮਾਰੀ ਅਤੇ ਹਸਪਤਾਲ ਵਿਚ ਦਾਖਲੇ ਤੋਂ ਬਚਾਅ ਵਿਚ ਜ਼ਿਆਦਾ ਸੁਰੱਖਿਆ ਮਿਲੇਗੀ।

ਕੇਸਿੰਗਟਨ ਦੇ ਇਲਾਕੇ ਵਿਚ ਰਹਿਣ ਵਾਲੇ 40 ਸਾਲ ਅਤੇ ਇਸ ਤੋਂ ਵੱਡੀ ਉਮਰ ਦੇ ਲੋਕਾਂ (1981 ਜਾਂ ਇਸ ਤੋਂ ਪਹਿਲਾਂ ਪੈਦਾ ਹੋਏ) ਨੂੰ provincial online platform ਰਾਹੀਂ ਜਾਂ ਕਾਲ ਸੈਂਟਰ (1-833-838-2323) ਰਾਹੀਂ ਰਜਿਸਟਰ ਕਰਨ ਅਤੇ ਐਪੁਆਂਇੰਟਮੈਂਟ ਬੁੱਕ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਹੋਰ ਜ਼ਿਆਦਾ ਜਾਣਕਾਰੀ ਲਈ ਇਹ ਵੈੱਬਸਾਈਟ ਦੇਖੋ: gov.bc.ca/neighbourhoodplan.

ਕੋਵਿਡ-19 ਵੈਕਸੀਨ ਦੀ ਸੂਬਾਈ ਰਜਿਸਟ੍ਰੇਸ਼ਨ 1991 ਜਾਂ ਇਸ ਤੋਂ ਪਹਿਲਾਂ ਪੈਦਾ ਹੋਏ ਲੋਕਾਂ (30 ਸਾਲ ਦੀ ਉਮਰ ਅਤੇ ਇਸ ਤੋਂ ਵੱਡੇ) ਲਈ ਜਾਰੀ ਹੈ।1958 ਜਾਂ ਇਸ ਤੋਂ ਪਹਿਲਾਂ (63 ਸਾਲ ਦੀ ਉਮਰ ਅਤੇ ਇਸ ਤੋਂ ਵੱਡੇ) ਪੈਦਾ ਹੋਏ, ਆਦਿ ਵਾਸੀ ਲੋਕ 2003 ਜਾਂ ਇਸ ਤੋਂ ਪਹਿਲਾਂ ਪੈਦਾ ਹੋਏ (18 ਸਾਲ ਅਤੇ ਇਸ ਤੋਂ ਵੱਡੀ ਉਮਰ ਦੇ), ਅਤੇ ਉਹ ਲੋਕ ਜੋ ਕਲੀਨੀਕਲੀ ਬਹੁਤ ਜ਼ਿਆਦਾ ਸੰਵੇਦਨਸ਼ੀਲ/ਨਾਜ਼ੁਕ ਹਨ ਉਨ੍ਹਾਂ ਨੂੰ ਬੀ.ਸੀ. ਦੇ ਇਮਿਊਨਾਈਜ਼ੇਸ਼ਨ ਪਲੈਨ ਮੁਤਾਬਿਕ ਇਸ ਸਮੇਂ ਵੈਕਸੀਨੇਸ਼ਨ ਲਈ ਐਪੁਆਂਇੰਟਮੈਂਟ ਬੁੱਕ ਕਰਵਾਉਣ ਲਈ ਕਿਹਾ ਜਾ ਰਿਹਾ ਹੈ। ਐਪੁਆਂਇੰਟਮੈਂਟ ਰਜਿਸਟਰ ਕਿਵੇਂ ਕਰਵਾਉਣੀ ਹੈ ਇਸ ਬਾਰੇ ਜਾਣਕਾਰੀ ਇੱਥੇ ਦੇਖੋ found here.

ਕਿਰਪਾ ਕਰ ਕੇ ਆਪਣੀ ਬੁੱਕ ਕੀਤੀ ਐਪੁਆਇੰਟਮੈਂਟ ਦੀ ਤਾਰੀਖ਼, ਸਮਾਂ ਅਤੇ ਸਥਾਨ ਚੈੱਕ ਕਰੋ, ਆਪਣੀ ਐਪੁਆਇੰਟਮੈਂਟ ਤੇ ਸਮੇਂ ਸਿਰ ਪਹੁੰਚੋ ਅਤੇ ਬਹੁਤ ਪਹਿਲਾਂ ਪਹੁੰਚਣ ਤੋਂ ਪਰਹੇਜ਼ ਕਰੋ। ਛੋਟੀ ਬਾਂਹ ਵਾਲੀ ਕਮੀਜ਼ ਪਹਿਨੋ ਕਿਉਂਕਿ ਵੈਕਸੀਨ ਤੁਹਾਡੀ ਬਾਂਹ ਦੇ ਉੱਪਰਲੇ ਹਿੱਸੇ ਵਿਚ ਲੱਗਣਾ ਹੈ। ਵੈਕਸੀਨ ਲੈਣ ਤੋਂ ਬਾਅਦ 15 ਮਿੰਟਾਂ ਲਈ ਤੁਸੀਂ ਉੱਥੇ ਹੀ ਨਿਗਰਾਨੀ ਹੇਠ ਰਹੋਗੇ।

ਵੈਨਕੂਵਰ ਕੋਸਟਲ ਹੈਲਥ ਇਸ ਭਾਈਚਾਰੇ ਵਿਚ, ਹਸਪਤਾਲ ਅਤੇ ਰਿਚਮੰਡ, ਵੈਨਕੂਵਰ, ਨਾਰਥਸ਼ੋਰ, ਸਨਸ਼ਾਈਨ ਕੋਸਟ, ਸੀ ਟੂ ਸਕਾਈ ਕਾਰੀਡੋਰ, ਪੌਵਲ ਰਿਵਰ, ਬੇਲਾ ਬੇਲਾ,ਅਤੇ ਬੇਲਾ ਕੂਲਾ ਦੇ ਭਾਈਚਾਰਿਆਂ ਵਿਚ ਲੰਮੇ ਸਮੇਂ ਦੀ ਦੇਖਭਾਲ ਵਾਲੇ 10 ਲੱਖ ਤੋਂ ਜ਼ਿਆਦਾ ਲੋਕਾਂ ਲਈ $4.1 ਅਰਬ/ਬਿਲੀਅਨ ਖਰਚ ਕਰਨ ਲਈ ਜ਼ਿੰਮੇਵਾਰ ਹੈ। ਵੈਨਕੂਵਰ ਕੋਸਟਲ ਹੈਲਥ ਬੀ.ਸੀ. ਦੇ ਸਾਰੇ ਲੋਕਾਂ ਲਈ ਸਪੈਸ਼ਲ ਦੇਖਭਾਲ ਅਤੇ ਸੇਵਾਵਾਂ ਉਪਲਬਧ ਕਰਵਾਉਂਦਾ ਹੈ ਅਤੇ ਸੂਬੇ ਦਾ ਸਿਹਤ ਸੰਭਾਲ ਦੀ ਸਿੱਖਿਆ ਅਤੇ ਖੋਜ ਦਾ ਵੀ ਕੇਂਦਰ ਹੈ।

###